# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 05 ਅਪ੍ਰੈਲ 2026 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵੈਨਕੂਵਰ ਵਿਚਾਰ ਮੰਚ ਵੱਲੋਂ ਸ਼ਾਇਰ ਰਵਿੰਦਰ ਸਹਿਰਾਅ ਅਤੇ ਹਰਦਿਆਲ ਸਿੰਘ ਚੀਮਾ ਨਾਲ ਸਾਹਿਤਕ ਮਿਲਣੀ

ਸਰੀ, 5 ਅਪ੍ਰੈਲ : ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵਿਖੇ ਵੈਨਕੂਵਰ ਵਿਚਾਰ ਮੰਚ ਵੱਲੋਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਤੋਂ ਆਏ ਨਾਮਵਰ ਸ਼ਾਇਰ ਰਵਿੰਦਰ ਸਹਿਰਾਅ ਅਤੇ ਸਿਆਟਲ ਤੋਂ ਬਹੁਪੱਖੀ ਸਾਹਿਤਕਾਰ ਹਰਦਿਆਲ ਸਿੰਘ ਚੀਮਾ ਦਾ ਨਿੱਘਾ ਸਵਾਗਤ ਕੀਤਾ ਗਿਆ।



ਇਸ ਸਾਹਿਤਕ ਮਿਲਣੀ ਵਿਚ ਹਰਦਿਆਲ ਸਿੰਘ ਚੀਮਾ ਨੇ ਆਪਣੀਆਂ ਸਾਹਿਤਕ ਅਤੇ ਨਿੱਜੀ ਪ੍ਰਾਪਤੀਆਂ ਜ਼ਿਕਰ ਕਰਦਿਆਂ ਆਪਣੀ ਸਵੈ-ਜੀਵਨੀ ਦੇ ਕੁਝ ਅੰਸ਼ਾਂ ਰਾਹੀਂ ਹਾਜ਼ਰੀਨ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਆਪਣੇ ਬਚਪਨ ਦੇ ਸੰਘਰਸ਼ਮਈ ਦਿਨਾਂ, ਕਲਕੱਤਾ ਵਿਖੇ ਕੀਤੀ ਨਿੱਜੀ ਨੌਕਰੀ ਅਤੇ ਬਾਅਦ ਵਿੱਚ ਇੰਡੀਅਨ ਏਅਰਲਾਈਨਜ਼ ਵਿੱਚ ਨਿਭਾਈਆਂ ਲੰਬੀਆਂ ਸਰਕਾਰੀ ਸੇਵਾਵਾਂ ਦੇ ਤਜ਼ਰਬਿਆਂ ਨੂੰ ਵਿਸਥਾਰ ਨਾਲ ਸਾਂਝਾ ਕੀਤਾ। ਇਸੇ ਲੜੀ ਵਿੱਚ ਸਰੀ ਦੇ ਵਸਨੀਕ ਅਤੇ ਇੰਡੀਅਨ ਏਅਰ ਫੋਰਸ ਤੋਂ ਸੇਵਾ ਮੁਕਤ ਅਧਿਕਾਰੀ ਰਣਜੀਤ ਸਿੰਘ ਚੀਮਾ ਨੇ ਆਪਣੀ ਜ਼ਿੰਦਗੀ ਦੇ ਅਹਿਮ ਪੜਾਵਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਆਪਣੇ ਸਕੂਲੀ ਜੀਵਨ ਦੇ ਕਿੱਸੇ, ਏਅਰ ਫੋਰਸ ਵਿੱਚ ਭਰਤੀ ਹੋਣ ਦੀ ਪ੍ਰੇਰਨਾਦਾਇਕ ਕਹਾਣੀ ਅਤੇ ਫੌਜੀ ਸੇਵਾ ਦੌਰਾਨ ਵਾਪਰੇ ਯਾਦਗਾਰੀ ਪਲ ਸਾਂਝਾ ਕਰਦਿਆਂ ਮਹਿਫਲ ਵਿੱਚ ਰੰਗ ਬੰਨ੍ਹ ਦਿੱਤਾ।

ਸਮਾਗਮ ਦੇ ਦੂਜੇ ਪੜਾਅ ਵਿੱਚ ਸ਼ਾਇਰ ਰਵਿੰਦਰ ਸਹਿਰਾਅ ਨੇ ਆਪਣੀ ਸਾਹਿਤਕ ਯਾਤਰਾ ਬਾਰੇ ਚਰਚਾ ਕਰਦਿਆਂ ਆਪਣੀਆਂ ਚਰਚਿਤ ਪੁਸਤਕਾਂ 'ਲਾਹੌਰ ਨਾਲ ਗੱਲਾਂ' ਅਤੇ 'ਸੁਰਖ਼ ਰਾਹਾਂ ਦੇ ਹਮਸਫ਼ਰ' ਦੇ ਵੱਖ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਈ। ਇਸ ਦੌਰਾਨ ਮੋਹਨ ਗਿੱਲ ਨੇ ਹਾਲ ਹੀ ਵਿੱਚ ਕੀਤੇ ਆਪਣੇ ਪੰਜਾਬ ਦੌਰੇ ਦੇ ਤਜਰਬੇ ਅਤੇ ਉਥੋਂ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਵਿਚਾਰ ਪੇਸ਼ ਕੀਤੇ। ਇਸ ਮਿਲਣੀ ਵਿੱਚ ਅੰਗਰੇਜ਼ ਸਿੰਘ ਬਰਾੜ, ਗੁਰਮੇਲ ਸਿੰਘ ਰਾਏ ਅਤੇ ਹਰਦਮ ਸਿੰਘ ਮਾਨ ਸਮੇਤ ਕਈ ਹੋਰ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਵੈਨਕੂਵਰ ਵਿਚਾਰ ਮੰਚ ਵੱਲੋਂ ਅੰਗਰੇਜ਼ ਸਿੰਘ ਬਰਾੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਇਸ ਮਿਲਣੀ ਨੂੰ ਸਾਹਿਤਕ ਸਾਂਝ ਮਜ਼ਬੂਤ ਕਰਨ ਵਾਲਾ ਉਪਰਾਲਾ ਦੱਸਿਆ।

## ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਭਰ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੇ ਦਾਇਰੇ ਦਾ ਵਿਸਤਾਰ ਕਰਨ ਨਾਲ ਪੀ.ਆਰ.ਟੀ.ਸੀ. (PRTC) ਮੈਂਬਰ ਅਤੇ ਟ੍ਰਾਂਸਪੋਰਟ ਮੁਲਾਜ਼ਮਾਂ ਸਿਹਤ ਸੰਭਾਲ ਸੁਰੱਖਿਆ ਘੇਰੇ ਵਿੱਚ ਆਏ

### ਇਸ ਕਵਰੇਜ ਨਾਲ ਮੁਲਾਜ਼ਮ ਅਤੇ ਉਨ੍ਹਾਂ ਦੇ ਪਰਿਵਾਰ ਬਿਨਾਂ ਕਿਸੇ ਝਿਜਕ ਦੇ ਇਲਾਜ ਕਰਵਾ ਸਕਦੇ ਹਨ: ਡਾ. ਬਲਬੀਰ ਸਿੰਘ








ਪਟਿਆਲਾ, 5 ਅਪ੍ਰੈਲ : ਪਟਿਆਲਾ ਵਿਖੇ ਪੀ.ਆਰ.ਟੀ.ਸੀ. (PRTC) ਦੇ ਮੁੱਖ ਦਫ਼ਤਰ ਵਿੱਚ ੧ ਅਤੇ ੨ ਅਪ੍ਰੈਲ ਨੂੰ ਲਗਾਏ ਗਏ ਦੋ-ਰੋਜ਼ਾ ਸਿਹਤ ਕੈਂਪ ਰਾਹੀਂ ਪੰਜਾਬ ਦੇ ਟ੍ਰਾਂਸਪੋਰਟ ਮੁਲਾਜ਼ਮਾਂ ਨੂੰ ਸਿੱਧੇ ਤੌਰ 'ਤੇ ਮੁੱਖ ਮੰਤਰੀ ਸਿਹਤ ਯੋਜਨਾ (MMSY) ਦੇ ਦਾਇਰੇ ਵਿੱਚ ਲਿਆਂਦਾ ਗਿਆ ਹੈ। ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਸਭ ਤੋਂ ਵੱਧ ਗਤੀਸ਼ੀਲ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਰਹਿਣ ਵਾਲੇ ਇਸ ਕਾਮਾ ਵਰਗ ਲਈ ਸਿਹਤ ਸੰਭਾਲ ਪਹੁੰਚ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਹੀ ਘਾਟ ਨੂੰ ਪੂਰਾ ਕਰਨ ਲਈ ਇਹ ਕਦਮ ਚੁੱਕਿਆ ਹੈ।

ਬੱਸ ਡਰਾਈਵਰਾਂ, ਆਟੋ-ਰਿਕਸ਼ਾ ਚਾਲਕਾਂ, ਟੈਕਸੀ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮੌਕੇ 'ਤੇ ਹੀ ਰਜਿਸਟਰ (ਐਨਰੋਲ) ਕੀਤਾ ਗਿਆ, ਜਿਸ ਨਾਲ ਇਹ ਯਕੀਨੀ ਬਣਾਇਆ ਗਿਆ ਕਿ ਪੰਜਾਬ ਦੀ ਰਫ਼ਤਾਰ ਨੂੰ ਬਰਕਰਾਰ ਰੱਖਣ ਵਾਲੇ ਇਹ ਲੋਕ ਹੁਣ ਸਮੇਂ ਸਿਰ ਅਤੇ ਸਸਤੀਆਂ ਸਿਹਤ ਸਹੂਲਤਾਂ ਪ੍ਰਾਪਤ ਕਰਨ ਵਿੱਚ ਪਿੱਛੇ ਨਾ ਰਹਿ ਜਾਣ।

ਦੋ ਦਿਨਾਂ ਦੇ ਦੌਰਾਨ, ਪੀ.ਆਰ.ਟੀ.ਸੀ. (PRTC) ਮੈਂਬਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਸਮੇਤ ਕਈ ਵਿਅਕਤੀਆਂ ਨੂੰ ਰਜਿਸਟਰ ਕੀਤਾ ਗਿਆ ਅਤੇ ਮੌਕੇ 'ਤੇ ਹੀ ਸਿਹਤ ਕਾਰਡ ਜਾਰੀ ਕੀਤੇ ਗਏ। ਹਰੇਕ ਕਾਰਡ ਪ੍ਰਤੀ ਪਰਿਵਾਰ ਪ੍ਰਤੀ ਸਾਲ ₹੧੦ ਲੱਖ ਤੱਕ ਦੇ ਨਕਦੀ-ਰਹਿਤ (cashless) ਇਲਾਜ ਦੀ ਸਹੂਲਤ ਦਿੰਦਾ ਹੈ। ਇਹ ਉਨ੍ਹਾਂ ਮੁਲਾਜ਼ਮਾਂ ਨੂੰ ਮਹੱਤਵਪੂਰਨ ਵਿੱਤੀ ਸੁਰੱਖਿਆ ਪ੍ਰਦਾਨ ਕਰਦਾ ਹੈ ਜੋ ਅਕਸਰ ਅਨਿਯਮਿਤ ਆਮਦਨ, ਕੰਮ ਦੇ ਲੰਬੇ ਘੰਟੇ ਅਤੇ ਆਪਣੇ ਕਿੱਤੇ ਦੇ ਸਰੀਰਕ ਤਣਾਅ ਕਾਰਨ ਇਲਾਜ ਵਿੱਚ ਦੇਰੀ ਕਰਦੇ ਹਨ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, "ਟ੍ਰਾਂਸਪੋਰਟ ਮੁਲਾਜ਼ਮਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਦੇ ਅਧੀਨ ਲਿਆਉਣਾ ਇੱਕ ਅਹਿਮ ਕਦਮ ਹੈ, ਕਿਉਂਕਿ ਉਹ ਲਗਾਤਾਰ ਸਫ਼ਰ ਵਿੱਚ ਰਹਿੰਦੇ ਹਨ ਅਤੇ ਅਕਸਰ ਇਲਾਜ ਵਿੱਚ ਦੇਰੀ ਕਰਦੇ ਹਨ। ਇਸ ਕਵਰੇਜ ਦੇ ਨਾਲ, ਉਹ ਅਤੇ ਉਨ੍ਹਾਂ ਦੇ ਪਰਿਵਾਰ ਹੁਣ ਬਿਨਾਂ ਕਿਸੇ ਝਿਜਕ ਦੇ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਲੋੜ ਪੈਣ 'ਤੇ ਸਿਸਟਮ ਉਨ੍ਹਾਂ ਦੀ ਮਦਦ ਕਰੇਗਾ।"

ਪੀ.ਆਰ.ਟੀ.ਸੀ. (PRTC) ਦੇ ਚੇਅਰਮੈਨ ਹਰਪਾਲ ਜੁਨੇਜਾ ਨੇ ਕਿਹਾ, "ਸਾਡੇ ਟ੍ਰਾਂਸਪੋਰਟ ਮੁਲਾਜ਼ਮਾਂ ਪੰਜਾਬ ਨੂੰ ਜੋੜ ਕੇ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਵੀ ਉਨਾ ਹੀ ਮਹੱਤਵਪੂਰਨ ਹੈ। ਇਹ ਕੈਂਪ ਸਿਹਤ ਸਹੂਲਤਾਂ ਤੱਕ ਪਹੁੰਚ ਨੂੰ ਸਰਲ ਬਣਾਉਂਦਾ ਹੈ ਅਤੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੇ ਕੰਮ ਵਿੱਚ ਵਿਘਨ ਪਾਏ ਬਿਨਾਂ ਇਸ ਯੋਜਨਾ ਦੇ ਦਾਇਰੇ ਵਿੱਚ ਆਉਣ ਦੀ ਇਜਾਜ਼ਤ ਦਿੰਦਾ ਹੈ।"

ਆਪ (AAP) ਪੰਜਾਬ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਨੋਟ ਕੀਤਾ ਕਿ ਇਸ ਵੱਡੀ ਸ਼ਮੂਲੀਅਤ ਨੇ ਟ੍ਰਾਂਸਪੋਰਟ ਮੁਲਾਜ਼ਮਾਂ ਵਿੱਚ ਯੋਜਨਾ ਪ੍ਰਤੀ ਵਧਦੇ ਭਰੋਸੇ ਨੂੰ ਦਰਸਾਇਆ ਹੈ। ਉਨ੍ਹਾਂ ਕਿਹਾ, "ਉਹ ਇਸ ਲਈ ਅੱਗੇ ਆ ਰਹੇ ਹਨ ਕਿਉਂਕਿ ਉਹ ਆਪਣੀ ਜ਼ਿੰਦਗੀ ਵਿੱਚ ਇਸਦਾ ਪ੍ਰਭਾਵ ਦੇਖ ਸਕਦੇ ਹਨ- ਸਰਕਾਰੀ ਅੰਕੜਿਆਂ ਵਿੱਚ ਨਹੀਂ, ਸਗੋਂ ਸੜਕਾਂ 'ਤੇ ਅਤੇ ਆਪਣੇ ਪਰਿਵਾਰਾਂ ਵਿੱਚ। ਉਨ੍ਹਾਂ ਮੁਲਾਜ਼ਮਾਂ ਲਈ ਜਿਨ੍ਹਾਂ ਨੇ ਸਾਲਾਂ ਤੋਂ ਬਿਨਾਂ ਕਿਸੇ ਭਰੋਸੇਮੰਦ ਸਿਹਤ ਕਵਰ ਦੇ ਗੁਜ਼ਾਰੇ ਹਨ, ਇਹ ਭਰੋਸਾ ਸਭ ਕੁਝ ਬਦਲ ਦਿੰਦਾ ਹੈ। ਇਹ ਸਿਹਤ ਸਹੂਲਤਾਂ ਨੂੰ ਸਹੀ ਅਰਥਾਂ ਵਿੱਚ ਪਹੁੰਚਯੋਗ ਬਣਾਉਣ ਲਈ ਭਗਵੰਤ ਸਿੰਘ ਮਾਨ ਸਰਕਾਰ ਦੀ ਵਚਨਬੱਧਤਾ ਵਿੱਚ ਵਧਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।"

ਕੈਂਪ ਦੌਰਾਨ ਇੱਕ ਖਾਸ ਮਾਮਲੇ ਵਿੱਚ, ੬੩ ਸਾਲਾ ਨੇਤਰਹੀਣ ਸੀਨੀਅਰ ਨਾਗਰਿਕ ਅਤੇ ਸਾਬਕਾ ਪੀ.ਆਰ.ਟੀ.ਸੀ. ਮੁਲਾਜ਼ਮ , ਮਹਿੰਦਰ ਸਿੰਘ ਨੂੰ ਇਸ ਯੋਜਨਾ ਦੇ ਤਹਿਤ ਰਜਿਸਟਰ ਕੀਤਾ ਗਿਆ। ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਕਿਵੇਂ ਇਹ ਜ਼ਮੀਨੀ ਮਾਡਲ ਉਨ੍ਹਾਂ ਵਿਅਕਤੀਆਂ ਤੱਕ ਪਹੁੰਚ ਰਿਹਾ ਹੈ ਜੋ ਸੁਤੰਤਰ ਤੌਰ 'ਤੇ ਸਰਕਾਰੀ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਭ ਤੋਂ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ।

ਟ੍ਰਾਂਸਪੋਰਟ ਮੁਲਾਜ਼ਮਾਂ ਨੂੰ ਸ਼ਾਮਲ ਕਰਨਾ ਇਸ ਯੋਜਨਾ ਦੇ ਦਾਇਰੇ ਵਿੱਚ ਇੱਕ ਮਹੱਤਵਪੂਰਨ ਵਿਸਤਾਰ ਹੈ, ਜੋ ਸੰਗਠਿਤ ਅਤੇ ਅਰਧ-ਸੰਗਠਿਤ ਦੋਵਾਂ ਕਾਮਾ ਵਰਗਾਂ ਨੂੰ ਵਿਆਪਕ ਸਿਹਤ ਕਵਰੇਜ ਦੇ ਅਧੀਨ ਲਿਆਉਂਦਾ ਹੈ।

ਇਹ ਪਹਿਲਕਦਮੀ ਪੰਜਾਬ ਭਰ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੇ ਤੇਜ਼ੀ ਨਾਲ ਵਧ ਰਹੇ ਪਸਾਰ 'ਤੇ ਅਧਾਰਤ ਹੈ। ਹੁਣ ਤੱਕ ੩੦ ਲੱਖ ਤੋਂ ਵੱਧ ਸਿਹਤ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ, ਅਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਰੋਜ਼ਾਨਾ ੫੦,੦੦੦ ਤੋਂ ਵੱਧ ਨਿਵਾਸੀ ਰਜਿਸਟਰ ਹੋ ਰਹੇ ਹਨ। ਪੰਜਾਬ ਸਰਕਾਰ ਨੇ ਇਸ ਯੋਜਨਾ ਦੀ ਪਹੁੰਚ ਅਤੇ ਸਮਰੱਥਾ ਨੂੰ ਵਧਾਉਣ ਲਈ ੨੦੨੬–੨੭ ਦੇ ਬਜਟ ਵਿੱਚ ੨,੦੦੦ ਕਰੋੜ ਰੁਪਏ ਦਾ ਪ੍ਰਬੰਧ ਕਰਕੇ ਇਸ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਕੀਤਾ ਹੈ।

ਭਗਵੰਤ ਮਾਨ ਸਰਕਾਰ ਨਿਵਾਸੀਆਂ ਨੂੰ ਲਗਾਤਾਰ ਉਤਸ਼ਾਹਿਤ ਕਰ ਰਹੀ ਹੈ ਕਿ ਉਹ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਨਕਦੀ-ਰਹਿਤ ਇਲਾਜ ਦੇ ਲਾਭ ਲੈਣ ਲਈ ਨਿਰਧਾਰਤ ਕੇਂਦਰਾਂ ਅਤੇ ਜ਼ਮੀਨੀ ਕੈਂਪਾਂ ਰਾਹੀਂ ਆਪਣੇ ਸਿਹਤ ਕਾਰਡ ਜ਼ਰੂਰ ਬਣਵਾਉਣ।

## ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਾਲਾਨਾ ਸਮਾਗਮ

### ਹਰਚੰਦ ਸਿੰਘ ਬਾਗੜੀ 'ਸਰਵੋਤਮ ਸਾਹਿਤਕਾਰ ਅਵਾਰਡ-2026' ਨਾਲ ਸਨਮਾਨਿ








ਸਰੀ, 5 ਅਪ੍ਰੈਲ : ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਦਿਨੀਂ ਸਥਾਨਕ ਸ਼ਾਹੀ ਕੇਟਰਿੰਗ ਵਿਖੇ ਇੱਕ ਪ੍ਰਭਾਵਸ਼ਾਲੀ ਸਾਲਾਨਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਮੁੱਖ ਆਕਰਸ਼ਣ ਉੱਘੇ ਸਾਹਿਤਕਾਰ ਹਰਚੰਦ ਸਿੰਘ ਬਾਗੜੀ ਨੂੰ 'ਸਾਲ 2026 ਦੇ ਸਰਵੋਤਮ ਸਾਹਿਤਕਾਰ ਅਵਾਰਡ' ਨਾਲ ਸਨਮਾਨਿਤ ਕਰਨਾ ਰਿਹਾ। ਸਮਾਗਮ ਵਿੱਚ ਸਰੀ, ਵੈਨਕੂਵਰ ਅਤੇ ਕੋਕੁਟਲਮ ਤੋਂ ਵੱਡੀ ਗਿਣਤੀ ਵਿੱਚ ਸਾਹਿਤਕਾਰਾਂ, ਲੇਖਕਾਂ ਅਤੇ ਨਾਮਵਰ ਕਾਰੋਬਾਰੀਆਂ ਨੇ ਸ਼ਿਰਕਤ ਕੀਤੀ।

ਸਮਾਗਮ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਦੇ ਸਵਾਗਤੀ ਭਾਸ਼ਣ ਨਾਲ ਹੋਈ। ਇਸ ਉਪਰੰਤ ਵੱਖ-ਵੱਖ ਬੁਲਾਰਿਆਂ ਨੇ ਹਰਚੰਦ ਸਿੰਘ ਬਾਗੜੀ ਦੀ ਪੰਜਾਬੀ ਸਾਹਿਤ ਨੂੰ ਦਿੱਤੀ ਅਮੁੱਲ ਦੇਣ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਬਾਗੜੀ ਨੇ ਆਪਣੀ ਕਲਮ ਰਾਹੀਂ ਸਮਾਜਿਕ ਸਰੋਕਾਰਾਂ ਅਤੇ ਪੰਜਾਬੀ ਸਭਿਆਚਾਰ ਨੂੰ ਬਾਖੂਬੀ ਪੇਸ਼ ਕੀਤਾ ਹੈ। ਬੁਲਾਰਿਆਂ ਨੇ ਇਸ ਵੱਕਾਰੀ ਸਨਮਾਨ ਲਈ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਹੀ ਸੁਚੱਜੀ ਚੋਣ ਹੈ। ਸਭਾ ਵੱਲੋਂ ਸਨਮਾਨ ਕਰਨ ਦੀ ਰਸਮ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਮੀਤ ਪ੍ਰਧਾਨ ਸੁਰਜੀਤ ਮਾਧੋਪੁਰੀ, ਜਨਰਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਪ੍ਰੋ. ਕਸ਼ਮੀਰਾ ਸਿੰਘ, ਸੁੱਖੀ ਬਾਠ, ਕਵਿੰਦਰ ਚਾਂਦ, ਮੋਤਾ ਸਿੰਘ ਝੀਤਾ, ਅਵਤਾਰ ਸਿੰਘ ਢਿੱਲੋਂ, ਗੈਰੀ ਥਿੰਦ ਨੇ ਅਦਾ ਕੀਤੀ।

ਸਨਮਾਨ ਪ੍ਰਾਪਤ ਕਰਨ ਉਪਰੰਤ ਹਰਚੰਦ ਸਿੰਘ ਬਾਗੜੀ ਨੇ ਆਪਣੇ ਸਾਹਿਤਕ ਸਫਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਆਪਣੀਆਂ ਚਰਚਿਤ ਕਵਿਤਾਵਾਂ ਪੇਸ਼ ਕਰਕੇ ਹਾਜ਼ਰੀਨ ਤੋਂ ਵਾਹ-ਵਾਹ ਖੱਟੀ। ਉਨ੍ਹਾਂ ਇਸ ਮਾਣ-ਸਨਮਾਨ ਲਈ ਸਭਾ ਦੀ ਟੀਮ ਅਤੇ ਸਮੂਹ ਬੁਲਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦੌਰਾਨ ਕੇਂਦਰੀ ਸਭਾ ਵੱਲੋਂ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਯੋਗਦਾਨ ਪਾਉਣ ਵਾਲੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿੱਚ 'ਦੇਸ਼ ਪ੍ਰਦੇਸ਼ ਟਾਈਮ' ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਹਰਦਮ ਸਿੰਘ ਮਾਨ, ਸਾਹਿਤਕਾਰ ਜਸਵੀਰ ਭਲੂਰੀਆ, ਪੱਤਰਕਾਰ ਕੁਲਵੰਤ ਸਰੋਤਾ ਅਤੇ ਸੀਨੀਅਰ ਸਿਟੀਜਨ ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਸ਼ਾਮਲ ਸਨ।

ਸਮਾਗਮ ਦੇ ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਨੇ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਅੰਤਰ ਪੰਮਾ, ਛਿੰਦਰ ਪੁਰੇਵਾਲ, ਦਰਸ਼ਨ ਸੰਘਾ, ਬਲਵੀਰ ਸਿੰਘ ਸੰਘਾ, ਅਮਰਜੀਤ ਸਿੰਘ ਸਿੱਧੂ, ਕੇਸਰ ਸਿੰਘ ਕੂਨਰ, ਦਵਿੰਦਰ ਕੌਰ ਜੌਹਲ, ਰਾਜਵੰਤ ਚਿਲਾਣਾ, ਰਾਜਵੰਤ ਰਾਜ, ਕੁਲਵੰਤ ਸਰੋਤਾ, ਵੀਤ ਬਾਦਸ਼ਾਹਪੁਰੀ ਅਤੇ ਸੁਖਪ੍ਰੀਤ ਦੌਲਤ ਸਮੇਤ ਕਈ ਪਤਵੰਤੇ ਸੱਜਣ ਹਾਜ਼ਰ ਸਨ। ਸਮਾਗਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ।

## Guru Ravidas Ji seminar – ਗੁਰੂ ਰਵਿਦਾਸ ਜੀ ਬਾਰੇ ਕਰਾਏ ਸੈਮੀਨਾਰ ਵਿਚ ਪੁੱਜੇ ਦੇਸ਼ ਵਿਦੇਸ਼ ਵਿਚੋਂ ਵਿਦਵਾਨ

### ਗੁਰੂ ਰਵਿਦਾਸ ਜੀ ਵੱਲੋਂ ਦੇਸ਼ ਭਰ ਤੋਂ ਇਲਾਵਾ ਪੰਜਾਬ ਵਿਚ ਕਈ ਯਾਤਰਾਵਾਂ ਕੀਤੀਆਂ : ਰੂਪ ਲਾਲ

### ਗੁਰੂ ਰਵਿਦਾਸ ਜੀ ਵੱਲੋਂ ਇਨਸਾਨੀਅਤ ਪੱਖੀ ਕੀਤੀ ਬੁਲੰਦ ਅਵਾਜ਼ ਨੂੰ ਅਗਲੇ ਮਹਾਂਪੁਰਖਾਂ ਨੇ ਲਹਿਰ ਬਣਾ ਦਿੱਤ : ਡਾ. ਸ਼ੀਤਲ

### ਮਦਨ ਜਲੰਧਰੀ, ਮੋਹਨ ਲਾਲ ਫਿਲੌਰੀਆ, ਡਾ. ਗੁਰਮੀਤ ਕੱਲਰਮਾਜਰੀ, ਹਰਬਿਲਾਸ ਬੱਸੀ, ਗੁਰਨਾਮ ਸਿੰਘ ਅਕੀਦਾ ਨੇ ਸੈਮੀਨਾਰ ਵਿਚ ਕੀਤੀ ਸ਼ਿਰਕਤ




ਜਲੰਧਰ 5 ਅਪਰੈਲ : ਬਾਣੀ ਵਿਚਾਰ ਚੇਤਨਾ ਮੰਚ ਪੰਜਾਬ ਵੱਲੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਬਾਰੇ ਕਰਾਏ ਗਏ ਸੈਮੀਨਾਰ ਵਿਚ ਪੰਜਾਬ ਭਰ ਵਿਚੋਂ ਖੋਜ ਪਰਚੇ ਪੜ੍ਹਨ ਲਈ ਪੁੱਜੇ ਵਿਦਵਾਨਾਂ ਡਾ. ਸੀਤਲ ਸਿੰਘ, ਸ੍ਰੀ ਰੂਪ ਲਾਲ ਰੂਪ, ਪ੍ਰੋ. ਲਾਲ ਬਹਾਦਰ ਭਾਟੀਆ ਨੇ ਆਪਣੇ ਅਕਾਦਮਿਕ ਪਰਚਿਆਂ ਰਾਹੀਂ ਜਿੱਥੇ ਸੈਮੀਨਾਰ ਦੀ ਅਕਾਦਮਿਕਤਾ ਨੂੰ ਸਿਖਰ ਤੇ ਪਹੁੰਚਾ ਦਿੱਤਾ ਉੱਥੇ ਹੀ ਉਨ੍ਹਾਂ ਸਤਿਗੁਰੂ ਜੀ ਦੇ ਅਧਿਆਤਮਿਕਤਾ ਰਾਹੀਂ ਵੀ ਸਰੋਤਿਆਂ ਨੂੰ ਸਰਸ਼ਾਰ ਕੀਤਾ। ਇਸ ਵੇਲੇ ਕੁੰਜੀਵਤ ਭਾਸ਼ਣ ਵਿਚ ਪਟਿਆਲਾ ਤੋਂ ਪੁੱਜੇ ਡਾ. ਗੁਰਮੀਤ ਕੱਲਰਮਾਜਰੀ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਇਲਾਵਾ ਜੋ ਬਾਣੀ ਬਾਹਰ ਖ਼ੋਜੀ ਜਾ ਰਹੀ ਹੈ ਉਸ ਤੇ ਗੱਲ ਕੀਤੀ। ਸਮਾਗਮ ਦੀ ਪ੍ਰਧਾਨਗੀ ਉੱਘੇ ਕਹਾਣੀਕਾਰ ਮੋਹਨ ਲਾਲ ਫਿਲੌਰੀਆ ਨੇ ਕੀਤੀ, ਜਦ ਕਿ ਮੁੱਖ ਮਹਿਮਾਨ ਵਜੋਂ ਉੱਘੇ ਗੀਤਕਾਰ ਤੇ ਚਿੰਤਕ ਮਦਨ ਜਲੰਧਰੀ ਦਾ ਸਨਮਾਨ ਹੋਇਆ। ਵਿਸ਼ੇਸ਼ ਮਹਿਮਾਨ ਹਰਬਿਲਾਸ ਬੱਸੀ ਕੈਨੇਡਾ ਨੇ ਵਿਸ਼ੇਸ਼ ਮਹਿਮਾਨ ਵਜੋਂ ਉਦਘਾਟਨੀ ਭਾਸ਼ਣ ਦਿੱਤਾ।ਮੰਚ ਦੇ ਮੁੱਖ ਕੁਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਮੰਚ ਸੰਚਾਲਨ ਕਰਦਿਆਂ ਸੰਸਥਾ ਦੇ ਮਨੋਰਥ ਬਾਰੇ ਚਾਨਣਾ ਪਾਇਆ।

ਸਤਿਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ ਤੇ ਪੇਪਰ ਪੜ੍ਹਦਿਆਂ ਵਿਦਵਾਨ ਰੂਪ ਲਾਲ ਰੂਪ ਨੇ ਦੱਸਿਆ ਕਿ ਗੁਰੂ ਰਵਿਦਾਸ ਜੀ ਜਿੱਥੇ ਪੂਰੇ ਭਾਰਤ ਵਿਚ ਆਪਣੀਆਂ ਯਾਤਰਾਵਾਂ ਰਾਹੀਂ ਵੱਖ ਵੱਖ ਥਾਵਾਂ ਤੇ ਪੁੱਜੇ ਉੱਥੇ ਹੀ ਉਹ ਪੰਜਾਬ ਵਿਚ ਮੀਰ ਹੋਤਾ (ਸਰਹਿੰਦ ਕੋਲ), ਹਾਦੀਆਬਾਦ (ਫਗਵਾੜਾ), ਜਲੰਧਰ, ਜੰਡਿਆਲਾ ਗੁਰੂ, ਬੰਡਾਲਾ, ਅਟਾਰੀ ਬਾਰਡਰ ਕੋਲ ਪਿੰਡ ਡੰਡਾ, ਫੇਰ ਚੂਹੜਕਾਣਾ (ਅੱਜ ਕੱਲ੍ਹ ਪਾਕਿਸਤਾਨ) ਵਿਖੇ ਗੁਰੂ ਨਾਨਕ ਦੇਵ ਜੀ ਨਾਲ ਵੀ ਮਿਲਣੀ ਹੋਈ। ਉਸ ਤੋਂ ਬਾਅਦ ਦੂਜੀ ਯਾਤਰਾ ਵਿਚ ਸਤਿਗੁਰੂ ਜੀ ਲੁਧਿਆਣਾ, ਫਿਲੌਰ, ਨਕੋਦਰ ਤੋਂ ਪਿੰਡ ਡੱਲਾ ਰਾਹੀ ਸਰਵਮਾਨਪੁਰ (ਸੁਲਤਾਨਪੁਰ ਲੋਧੀ) ਪੁੱਜੇ, ਫੇਰ ਉਹ ਬਟਾਲਾ, ਜੰਮੂ, ਚੰਬਾ, ਪਠਾਨਕੋਟ ਹੁੰਦੇ ਹੋਏ ਪਿੰਡ ਜਨੌੜੀ ਠਹਿਰਾਅ ਕੀਤਾ ਤੇ ਫੇਰ ਖੁਰਾਲਗੜ੍ਹ ਵਿਚ ਕਈ ਦਿਨ ਰਹੇ। ਇਸੇ ਤਰ੍ਹਾਂ ਆਪਣਾ ਪੇਪਰ ਪੜ੍ਹਦਿਆਂ ਪ੍ਰੋ. ਲਾਲ ਬਹਾਦਰ ਭਾਟੀਆ ਨੇ ਕਿਹਾ ਕਿ ਜਦੋਂ ਇਨਸਾਨ ਦਾ ਇਨਸਾਨ ਹੀ ਸਿਰਫ਼ ਜਾਤੀ ਪ੍ਰਥਾ ਨੂੰ ਥਾਂ ਦਿੰਦੇ ਹੋਏ ਤ੍ਰਿਸਕਾਰ ਕਰ ਰਿਹਾ ਸੀ, ਉਸ ਵੇਲੇ ਇਕ ਕ੍ਰਾਂਤੀਕਾਰੀ ਅਵਾਜ਼ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਅਜਿਹੀ ਬੁਲੰਦ ਕੀਤੀ ਕਿ ਸਮਕਾਲੀਨ ਦੇ ਰਾਜੇ ਰਾਣੀਆਂ ਨੇ ਵੀ ਉਨ੍ਹਾਂ ਤੋਂ ਗੁਰੂ ਵਿੱਦਿਆ ਹਾਸਲ ਕੀਤੀ। ਜੋ ਆਪਣੇ ਸਮੇਂ ਵਿਚ ਹਾਕਮਾਂ ਦੇ 'ਗੁਰੂ' ਬਣ ਕੇ ਰੂਹਾਨੀਅਤ ਨਾਲ ਜੋੜਦੇ ਰਹੇ ਤਾਂ ਅਜੋਕੇ ਸਮੇਂ ਵਿਚ ਉਨ੍ਹਾਂ ਨੂੰ ਗੁਰੂ ਕਹਿਣ ਤੋਂ ਰੋਕਣ ਵਾਲੇ ਵੀ ਜਾਤ ਅਭਿਮਾਨੀਆਂ ਦੀ ਲਿਸਟ ਵਿਚ ਸ਼ਾਮਲ ਹੋ ਜਾਂਦੇ ਹਨ। ਡਾ. ਸ਼ੀਤਲ ਸਿੰਘ ਨੇ ਕਿਹਾ ਕਿ ਜਦੋਂ ਬਿਪਰਵਾਦ ਦਾ ਏਨਾ ਦੱਬ-ਦਬਾ ਸੀ ਉਸ ਵੇਲੇ ਸਤਿਗੁਰੂ ਰਵਿਦਾਸ ਨੇ ਅਜਿਹੀ ਕ੍ਰਾਂਤੀਕਾਰੀ ਅਵਾਜ਼ ਦਿੱਤੀ ਕਿ ਮੰਨੂ ਵੱਲੋਂ ਬਣਾਏ ਚਾਰੇ ਵਰਨਾਂ ਦੀ ਕੁ-ਪ੍ਰਥਾ ਨੂੰ ਇਕ ਵਾਰ ਮਲੀਆਮੇਟ ਕਰ ਦਿੱਤਾ। ਇਨਸਾਨ ਨੂੰ ਇਨਸਾਨ ਨਾਲ ਜੋੜਨ ਲਈ ਬੇਗਮਪੁਰੇ ਦਾ ਸੰਕਲਪ ਦਿੱਤਾ, ਜਿਸ ਨੂੰ ਬੁਲੰਦ ਸ਼੍ਰੋਮਣੀ ਸੰਤ ਕਬੀਰ ਤੇ ਸਮਕਾਲੀ ਮਹਾਂਪੁਰਖਾਂ ਨੇ ਕੀਤਾ ਤੇ ਉਸ ਨੂੰ ਇਕ ਲਹਿਰ ਗੁਰੂ ਨਾਨਕ ਜੀ ਨੇ ਬਣਾ ਦਿੱਤਾ, ਜਿਸ ਨੂੰ ਸਿਖਰ ਤੇ ਗੁਰੂ ਗੋਬਿੰਦ ਸਿੰਘ ਨੇ ਪਹੁੰਚਾ ਦਿੱਤਾ। ਇਸ ਵੇਲੇ ਕੁੰਜੀਵਤ ਭਾਸ਼ਣ ਵਿਚ ਡਾ. ਗੁਰਮੀਤ ਕਲੱਰਮਾਜਰੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਤਿਗੁਰੂ ਰਵਿਦਾਸ ਦੀ ਬਾਣੀ ਵਿਚਲੇ ਮਾਨਵਤਾ ਪੱਖੀ ਸੰਦੇਸ਼ ਨੂੰ ਉਜਾਗਰ ਕਰਦਿਆਂ ਸਤਿਗੁਰੂ ਰਵਿਦਾਸ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਪਈ ਬਾਣੀ ਦੀ ਗੱਲ ਵੀ ਕੀਤੀ। ਮੁੱਖ ਮਹਿਮਾਨ ਮਦਨ ਜਲੰਧਰੀ ਨੇ ਕਿਹਾ ਬਾਣੀ ਵਿਚਾਰ ਚੇਤਨਾ ਮੰਚ ਵੱਲੋਂ ਅਕਾਦਮਿਕ ਤੌਰ ਤੇ ਕਰਾਏ ਜਾ ਰਹੇ ਸੈਮੀਨਾਰਾਂ ਵਿਚ ਪੜੇ ਜਾ ਰਹੇ ਖੋਜ ਭਰਪੂਰ ਪੇਪਰਾਂ ਵਿਚ ਸਾਡੇ ਵਿਦਵਾਨ ਅਵਾਮ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਰਹੇ ਹਨ। ਵਿਸ਼ੇਸ਼ ਮਹਿਮਾਨ ਹਰਬਿਲਾਸ ਬੱਸੀ ਕੈਨੇਡਾ ਨੇ ਕਿਹਾ ਅਸੀਂ ਸਤਿਗੁਰੂ ਰਵਿਦਾਸ ਜੀ ਨਾਲ ਸਬੰਧਿਤ ਸੈਮੀਨਾਰਾਂ ਨੂੰ ਕੌਮਾਂਤਰੀ ਪੱਧਰ ਤੇ ਕਰਵਾਉਣ ਜਾ ਰਹੇ ਹਾਂ। ਪ੍ਰਧਾਨਗੀ ਕਰ ਰਹੇ ਮੋਹਨ ਲਾਲ ਫਿਲੌਰੀਆ ਨੇ ਕਿਹਾ ਸਾਡਾ ਮਕਸਦ ਹੈ ਕਿ ਗੁਰੂ ਮਹਾਰਾਜ ਬਾਰੇ ਜੀ ਵੀ ਭਰਮ ਭੁਲੇਖੇ ਫੈਲਾਏ ਜਾ ਰਹੇ ਹਨ ਉਹ ਅਸੀਂ ਸਾਡੇ ਵਿਦਵਾਨਾਂ ਰਾਹੀਂ ਕੀਤੀਆਂ ਖੋਜਾਂ ਨਾਲ ਸਹੀ ਕਰ ਸਕੀਏ। ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਨੇ ਅਗਲਾ ਸੈਮੀਨਾਰ ਨਾਭਾ ਵਿਖੇ 24 ਮਈ ਨੂੰ ਕਰਾਉਣ ਬਾਰੇ ਐਲਾਨ ਕੀਤਾ। ਇਸ ਵੇਲੇ ਡਾ. ਗੁਰਮੀਤ ਕੱਲਰਮਾਜਰੀ ਦੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਮੌਲਿਕ ਲਿਖਤਾਂ ਵੀ ਰਲੀਜ ਕੀਤੀ ਗਈ। ਇਸ ਸਮੇਂ ਡੇਰਾ ਬੱਲਾਂ ਤੋਂ ਬਲਬੀਰ ਮੰਨਣ ਹੋਰੀਂ ਵਿਸ਼ੇਸ਼ ਪੁੱਜੇ। ਇਸ ਵੇਲੇ ਹਰਦੀਪ ਸਿੰਘ ਮੁਕਤਸਰ, ਸੀਆਰ ਕਲਸੀ, ਮਦਨ ਸਿੰਘ, ਨਿਰਵੈਰ ਸਿੰਘ ਕਪੂਰਥਲਾ, ਜਗਦੀਸ਼ ਲਾਲ ਬੱਧਣ ਹੁਸ਼ਿਆਰਪੁਰ, ਨਿਰਭੈ ਸਿੰਘ ਫਤਿਹਗੜ੍ਹ, ਪਰਮਿੰਦਰ ਰਾਏਪੁਰ ਪਟਿਆਲਾ ਤੋਂ ਨੇ ਵੀ ਹਾਜ਼ਰੀ ਲਗਾਈ।

ਸੈਮੀਨਾਰ ਫੋਟੋ 1 : ਡਾ. ਗੁਰਮੀਤ ਸਿੰਘ ਕਲੱਰਮਾਜਰੀ ਦੀ ਕਿਤਾਬ ਮੰਗੂ ਰਾਮ ਮੁੱਗੋਵਾਲੀਆਂ ਮੌਲਿਕ ਲਿਖਤਾਂ ਕਿਤਾਬ ਰਲੀਜ਼ ਕੀਤੇ ਜਾਣ।

ਸੈਮੀਨਾਰ ਫੋਟੋ 2 : ਸੈਮੀਨਾਰ ਵਿਚ ਬੈਠੀ ਬੌਧਿਕ ਸੰਗਤ।

ਸੈਮੀਨਾਰ ਫੋਟੋ 3 : ਮੁੱਖ ਮਹਿਮਾਨ ਮਦਨ ਜਲੰਧਰੀ ਦਾ ਸਨਮਾਨ ਕੀਤੇ ਜਾਣ ਸਮੇਂ।

## ਇਸ਼ਮੀਤ ਸੰਗੀਤ ਅਕਾਡਮੀ ਲੁਧਿਆਣਾ ਵਿੱਚ ਸੰਗੀਤਕ ਸ਼ਾਮ

### ਪ੍ਰਧਾਨਗੀ ਸ੍ਰੀ ਦੀਪਕ ਬਾਲੀ ਸੱਭਿਆਚਾਰ ਸਲਾਹਕਾਰ ਪੰਜਾਬ ਸਰਕਾਰ ਨੇ ਕੀਤੀ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 5 ਅਪ੍ਰੈਲ : ਇਸ਼ਮੀਤ ਸੰਗੀਤ ਅਕਾਡਮੀ ਲੁਧਿਆਣਾ ਵੱਲੋਂ ਰਾਜਗੁਰੂ ਨਗਰ ਵਿਖੇ ਬੀਤੀ ਸ਼ਾਮ ਸੰਗੀਤਕ ਸ਼ਾਮ , ਸੰਗੀਤ ਵਾਦਨ ਤੇ ਨਾਚ ਪੇਸ਼ਕਾਰੀਆਂ ਕੀਤੀਆਂ ਗਈਆਂ।




ਨਿੱਕੇ ਨਿੱਕੇ ਬੱਚਿਆਂ ਦੀਆਂ ਵੱਡੀਆਂ ਪੁਲਾਂਘਾਂ ਵੇਖਣਾ ਚੰਗਾ ਲੱਗਾ।



ਅਕਾਡਮੀ ਦੇ ਡਾਇਰੈਕਟਰ ਡਾ. ਚਰਨ ਕਮਲ ਸਿੰਘ ਨੇ ਅਕਾਡਮੀ ਦੀਆਂ ਪ੍ਰਾਪਤੀਆਂ ਦੱਸਣ ਦੇ ਨਾਲ ਨਾਲ ਮੁਸੀਬਤਾਂ ਤੋਂ ਵੀ ਜਾਣੂੰ ਕਰਵਾਇਆ।




ਮੇਰਾ ਸੁਝਾਅ ਹੈ ਕਿ ਪੰਜਾਬ ਸਰਕਾਰ ਦੇ ਸੱਭਿਆਚਾਰਕ ਮਾਮਲੇ ਵਿਭਾਗ ਅਧੀਨ ਇਸ ਅਕਾਡਮੀ ਤੋਂ ਇਲਾਵਾ ਪਟਿਆਲਾ ਵਿੱਚ ਹਰਪਾਲ ਟਿਵਾਣਾ ਅਕਾਡਮੀ ਤੇ ਬਾਕੀ ਜ਼ਿਲ੍ਹਿਆਂ ਵਿੱਚ ਬਣੇ ਵਿਰਸਾ ਵਿਹਾਰ ਵੀ ਤੁਰੰਤ ਧਿਆਨ ਮੰਗਦੇ ਹਨ। ਵਿਰਸਾ ਵਿਹਾਰ ਤਾਂ ਪੰਜਾਬੀ ਲੇਖਕ ਸ. ਕਰਤਾਰ ਸਿੰਘ ਦੁੱਗਲ ਜੀ ਨੇ ਮੈਂਬਰ ਹਾਜ ਸਭਾ ਹੁੰਦਿਆਂ ਆਪਣੇ ਐੱਮ ਪੀ ਲੈਡ ਫੰਡ ਦੇ ਕੇ ਬਣਵਾਏ ਸਨ। ਇਨ੍ਹਾਂ ਦੀ ਵਿੱਤੀ ਮਦਦ ਦੇ ਨਾਲ ਨਾਲ ਪ੍ਰਸ਼ਾਸਨਿਕ ਨਜ਼ਰਸਾਨੀ ਦੀ ਲੋੜ ਹੈ।

ਪੰਜਾਬੀਆਂ ਨੂੰ ਆਪਣੇ ਪੈਸੇ ਨਾਲ ਬਣੀਆਂ ਇਨ੍ਹਾਂ ਸੰਸਥਾਵਾਂ ਤੋਂ ਹੋਰ ਲਾਭ ਲੈਣ ਲਈ ਜਾਣਕਾਰੀ ਸੰਚਾਰ ਮਾਧਿਅਮਾਂ ਰਾਹੀਂ ਜ਼ਰੂਰ ਦੇਣੀ ਚਾਹੀਦੀ ਹੈ।

ਬੱਚੇ ਕਿੱਥੇ ਕਦੋਂ, ਕਿੰਨੇ ਖ਼ਰਚ ਵਿੱਚ ਕੀ ਸਿੱਖ ਸਕਦੇ ਹਨ, ਇਹ ਦੱਸ ਕੇ ਇਨ੍ਹਾਂ ਸੰਸਥਾਵਾਂ ਦੀ ਸਾਰਥਕਤਾ ਹੋਰ ਵੱਧ ਸਕਦੀ ਹੈ। ਮਿਸਾਲ ਵਜੋਂ ਲੁਧਿਆਣਾ ਵਿੱਚ ਗੁਰੂ ਨਾਨਕ ਭਵਨ ਦੇ ਨਾਲ ਨਿੱਕਾ ਭਵਨ ਵੀ ਵਿਰਸਾ ਵਿਹਾਰ ਵਜੋਂ ਬਣਿਆ ਦੱਸਿਆ ਜਾਂਦਾ ਹੈ। ਜੇ ਇਹ ਸੱਚ ਹੈ ਤਾਂ ਇਸ ਦਾ ਨਾਮ ਵਿਰਸਾ ਵਿਹਾਰ ਲਿਖਣਾ ਬਣਦਾ ਹੈ। ਗੁਰੂ ਨਾਨਕ ਵਿਰਸਾ ਵਿਹਾਰ ਵੀ ਹੋ ਸਕਦਾ ਹੈ। ਇਸ ਦੇ ਕੋਰਸਾਂ ਵਿੱਚ ਲੋਕ ਸੰਗੀਤ, ਲੋਕ ਸਾਜ਼ ਵਾਦਨ ਤੇ ਲੋਕ ਨਾਚ ਸਿਖਲਾਈ ਦਾ ਪ੍ਰਬੰਧ ਜ਼ਰੂਰੀ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਦੀਪਕ ਬਾਲੀ ਜੀ ਨੇ ਇਸ਼ਮੀਤ ਸੰਗੀਤ ਅਕਾਡਮੀ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੰਦਿਆਂ ਕਿਹਾ ਕਿ ਇਸ ਦੇ ਵਿਕਾਸ ਤੇ ਸਮੱਸਿਆਵਾਂ ਦਾ ਪ੍ਰਬੰਧਕ ਲਿਖਤੀ ਮਸੌਦਾ ਲਿਆਉਣ,ਹੱਲ ਕਰਾਉਣ ਦੀ ਪੂਰੀ ਕੋਸ਼ਿਸ਼

ਜਾਗਰਣ ਹਿੰਦੀ ਦੇ ਰੈਜੀਡੈਂਟ ਐਡੀਟਰ ਸ੍ਰੀ ਅਮਿਤ ਸ਼ਰਮਾ ਨੇ ਇਸ਼ਮੀਤ ਸਿੰਘ ਦੇ ਸੰਗੀਤ ਸੰਘਰਸ਼ ਸਫ਼ਰ ਦੌਰਾਨ ਗੁਜ਼ਾਰੇ ਸਾਂਝੇ ਪਲਾਂ ਦੇ ਹਵਾਲੇ ਨਾਲ ਬਹੁਤ ਮੁੱਲਵਾਨ ਜਾਣਕਾਰੀ ਦਿੱਤੀ।

ਨਿੱਕੀਆਂ ਬੇਟੀਆਂ ਰਾਸ਼ੀਆਂ ਹਰਸ਼ੀਨ ਕੌਰ ਸਮੇਤ ਬਹੁਤ ਪਿਆਰੇ ਬੱਚਿਆਂ ਨੇ ਬਹੁਤ ਸੁੰਦਰ ਪੇਸ਼ਕਾਰੀਆਂ ਕੀਤੀਆਂ।

ਬੁਲਾਏ ਮਹਿਮਾਨਾਂ ਦਾ ਸਨਮਾਨ ਹਰਿਆਵਲੇ ਬੂਟੇ ਦੇਣ ਦੇ ਨਾਲ ਨਾਲ ਦੋਸ਼ਾਲੇ ਪਹਿਨਾ ਕੇ ਕੀਤਾ ਗਿਆ।

## ਵਿਧਾਇਕ ਗਰੇਵਾਲ ਵੱਲੋਂ ਨੂਰਵਾਲਾ ਰੋਡ ਵਿਖੇ 1. 26 ਕਰੋੜ ਦੀ ਲਾਗਤ ਵਾਲੇ ਸੀਵਰੇਜ ਕਾਰਜਾਂ ਦਾ ਉਦਘਾਟਨ

### ਇਨ੍ਹਾਂ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਸੀਵਰੇਜ ਦੇ ਓਵਰਫਲੋ ਦੀ ਸਮੱਸਿਆ ਤੋਂ ਮਿਲੇਗਾ ਛੁਟਕਾਰਾ – ਦਲਜੀਤ ਸਿੰਘ ਭੋਲਾ ਗਰੇਵਾਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 5 ਅਪ੍ਰੈਲ : ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਅੱਜ ਵਾਰਡ ਨੰਬਰ 2 ਅਧੀਨ ਨੂਰਵਾਲਾ ਰੋਡ ਵਿਖੇ ਕਰੀਬ 1.26 ਕਰੋੜ ਦੀ ਲਾਗਤ ਨਾਲ ਸੀਵਰੇਜ ਦੇ ਨਵੇਂ ਕੰਮਾਂ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਇਲਾਕਾ ਨਿਵਾਸੀਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕਿਹਾ ਕਿ ਵਸਨੀਕਾਂ ਵੱਲੋਂ ਪਿਛਲੇ ਸਮੇਂ ਦੌਰਾਨ ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਮੰਗ ਕੀਤੀ ਜਾ ਰਹੀ ਸੀ ਕਿ ਉਹਨਾਂ ਦੇ ਇਲਾਕੇ ਵਿੱਚ ਬਰਸਾਤਾਂ ਦੇ ਮੌਕੇ ਓਵਰਫਲੋ ਕਾਰਨ ਇਲਾਕੇ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਸੋ ਇਸ ਮੁਸ਼ਕਿਲ ਨੂੰ ਦੇਖਦੇ ਹੋਏ ਸੀਵਰੇਜ ਦੀਆਂ ਪਾਈਪਾਂ ਨੂੰ ਦੁਬਾਰਾ ਤੋਂ ਪਾਇਆ ਜਾ ਰਿਹਾ ਹੈ ਤਾਂ ਜੋ ਇਲਾਕਾ ਨਿਵਾਸੀਆਂ ਨੂੰ ਰਾਹਤ ਮਿਲ ਸਕੇ।

ਵਿਧਾਇਕ ਗਰੇਵਾਲ ਨੇ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਇਸ ਮੰਗ ਨੂੰ ਪੂਰਾ ਕਰਦੇ ਹੋਏ ਅੱਜ ਸੀਵਰੇਜ ਦੀਆਂ ਨਵੀਆਂ ਪਾਈਪਾਂ ਪਾਉਣ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਜਿਸ ਨੂੰ ਤੈਅ ਸਮੇਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ।

ਉਹਨਾਂ ਕਿਹਾ ਕਿ ਇਹਨਾਂ ਵਿਕਾਸ ਕਾਰਜਾਂ ਦੇ ਮੁਕੰਮਲ ਹੋਣ ਨਾਲ ਇਲਾਕਾ ਨਿਵਾਸੀਆਂ ਨੂੰ ਆ ਰਹੀ ਮੁਸ਼ਕਿਲ ਤੋਂ ਛੁਟਕਾਰਾ ਮਿਲੇਗਾ।

ਵਿਧਾਇਕ ਗਰੇਵਾਲ ਨੇ ਕਿਹਾ ਕਿ ਹਲਕਾ ਪੂਰਬੀ ਦੇ ਹਰ ਵਾਰਡ ਵਿੱਚ ਕਰੀਬ 90 ਫੀਸਦੀ ਵਿਕਾਸ ਕਾਰਜ ਪਹਿਲਾਂ ਹੀ ਮੁਕੰਮਲ ਕਰਵਾਏ ਜਾ ਚੁੱਕੇ ਹਨ ਅਤੇ ਆਉਣ ਵਾਲੇ ਕੁਝ ਦਿਨਾਂ ਵਿੱਚ ਬਾਕੀ ਰਹਿੰਦੇ ਕਾਰਜਾਂ ਨੂੰ ਵੀ 100 ਫੀਸਦੀ ਮੁਕੰਮਲ ਕਰ ਹਲਕਾ ਪੂਰਬੀ ਨੂੰ ਵਿਕਾਸ ਪੱਖੋਂ ਪਹਿਲੇ ਸਥਾਨ ‘ਤੇ ਲਿਆਂਦਾ ਜਾਵੇਗਾ।

ਵਿਧਾਇਕ ਗਰੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਸੂਬੇ ਦੇ ਵਸਨੀਕਾਂ ਨੂੰ ਹਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾ ਕੇ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਵਾਉਣਾ ਹੈ।

ਇਸ ਮੌਕੇ ਵਾਰਡ ਨੰਬਰ 2 ਇੰਚਾਰਜ ਸੁਰਿੰਦਰ ਮਜਨ, ਵਾਰਡ ਨੰਬਰ 3 ਦੇ ਇੰਚਾਰਜ ਜਸਵਿੰਦਰ ਸੰਧੂ, ਵਾਰਡ ਨੰਬਰ 4 ਦੇ ਇੰਚਾਰਜ ਸੰਜੀਵ ਬਾਬੂ ਸ਼ਰਮਾ, ਰਾਜ ਗਰੇਵਾਲ , ਵਰਿੰਦਰ ਪਾਂਡੇ, ਮਹਾਂਵੀਰ ਸਿਸੋਦਿਆ, ਮਨਜੀਤ ਸਿੰਘ, ਹਕੀਕਤ ਭਾਟੀਆ, ਸੰਨੀ ਸਹਾਰਨ, ਵਿਜੇ ਕੁਮਾਰ, ਗਗਨ ਕੁਮਾਰ, ਹਰਪ੍ਰੀਤ ਬਾਮੜਾ, ਸੁੱਚਾ ਸਿੰਘ ਫਾਮ ਬੜਾ, ਰਾਜਵੀਰ ਸਿੰਘ, ਦਲਜੀਤ ਘੁਰਾ, ਅਨਿਲ ਵਿਨਾਇਕ, ਰੋਮੀ ਵਰਮਾ, ਰਕੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਜਜ਼ਬਾਤ

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਔਰਤ ਦੀ ਕਹਾਣੀ
ਕੀ ਬਚਪਨ
ਕੀ ਜਵਾਨੀ
ਹਰ ਕਦਮ ਮੁਸਿਬਤ
ਹਰ ਕਦਮ ਨਿਗਰਾਨੀ
ਜਜ਼ਬਾਤਾਂ ਦੇ ਕਤਲ
ਚੌਖਟੇ ਦੀ ਗੁਲਾਮੀ
ਸਦੀਆਂ ਪੁਰਾਣੀ
ਇਕ ਕਹਾਣੀ ਦਰਦ
ਬੁੱਲ੍ਹਿਆਂ ਵਿਚ ਹਾਸੇ
ਪਰ ਨੈਣ ਪਾਣੀ ਪਾਣੀ
ਬਿਖਰਦੇ ਸੁਪਨੇ ਟੁੱਟਦੀਆਂ ਆਸਾਂ
ਡੁੱਬਦਾ ਸੂਰਜ ਚਲਦੀ ਜਵਾਨੀ।
ਕਦ ਤਕ ਰਹੇਗੀ ਔਰਤ ਤੇਰੀ
ਇਹ ਕਹਾਣੀ।
ਔਰਤ ਨੂੰ ਇਕ ਸੁਨੇਹਾ ਹੈ।
ਤੂੰ ਸ਼ਮਸ਼ੀਰ ਹੈ ਤੂੰ
ਉੱਠ ਡਰ ਨਾ
ਮੁਕਾਬਲਾ ਕਰ ਡਰੇਗੀ
ਜੀਅ ਨਹੀਂ ਸਕਦੀ।
ਇਕ ਵਾਰੀ ਦਹਾੜ ਦੇ
ਸ਼ੇਰਨੀ ਇਹ ਤੂੰ
ਤੂੰ ਦਸ਼ਮ ਪਿਤਾ ਦੀ ਧੀ ਹੈ।
ਤੈਨੂੰ ਆਪਣਾ ਆਪ ਪਹਿਚਾਣ
ਸ਼ੇਰਨੀ ਵਾਂਗੂੰ ਰਹਿ।

## ਤੇਰੀ ਚਾਹਤ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਤੇਰੀ ਚਾਹਤ ਦਾ ਕੈਸਾ ਸਰੂਰ ਹੈ ਛਾਇਆ
ਮੇਰਾ ਤਾਂ ਲੂੰ ਲੂੰ ਹੈ ਰੁਸ਼ਨਾਇਆ ।

ਤੇਰੀ ਪੂਜਾ , ਤੇਰੀ ਬੰਦਗੀ , ਤੇਰੀ ਇਬਾਦਤ
ਹੁਣ ਇਸ਼ਟ ਹੈ ਮੇਰਾ ,
ਉਸੇ ਵਿੱਚ ਰਮੀ ਰਹਿੰਦੀ ਹਾਂ ਮੈਂ ।

ਲੋਕੀਂ ਕਹਿੰਦੇ ਇਹ ਤੇ ਰਮਲੀ ਕਮਲੀ ਹੋ ਗਈ ,
ਹੱਸਕੇ ਕਹਿੰਦੀ ਮੈਂ ਤਾਂ ਉਹਦੀ ਚਾਹਤ ਵਿੱਚ ਪਗਲੀ ਹੋ ਗਈ ।

ਤੇਰੀ ਚਾਹਤ ਜੋ ਮਿਲ ਗਈ ਅਸਾਨੂੰ
ਭਟਕਣ ਖਤਮ ਹੋ ਗਈ ਹੈ ਹੁਣ ਤੇ
ਕੋਈ ਹੋਰ ਚਾਹਤ ਨਹੀਂ ਬਾਕੀ ਹੁਣ ।

ਤੇਰੀ ਚਾਹਤ ਨੂੰ ਸਿੱਜਦਾ ਕਰਾਂ ਮੈਂ ਹਰ ਪੱਲ
ਉਸੇ ਵਿੱਚ ਮਸ਼ਗੂਲ ਮੈਂ ਰਹਿੰਦੀ ਹਾਂ ਹਰਦਮ ।

ਜੱਦ ਪਿਆਰ ਤਰੰਗਾਂ ਉੱਠਦੀਆਂ ਨੇ
ਮਨ ਬਾਰ ਬਾਰ ਪਿਆ ਗਾਉਂਦਾ ਹੈ ,

“ਪ੍ਰੇਮ ਲੱਗੋ ਹਰਿ ਤੀਰ ਮੇਰੇ ਮਨਿ
ਪ੍ਰੇਮ ਲੱਗੋ ਹਰਿ ਤੀਰ “

ਤੇਰੀ ਚਾਹਤ ਦਾ ਕੈਸਾ ਅਵਲੱੜਾ ਰੋਗ ਹੈ ਲੱਗਾ
ਰਾਤਾਂ ਨੂੰ ਤ੍ਰਬਕ ਕੇ ਉੱਠ ਬਹਿੰਦੀ ਹਾਂ ,
ਬਾਰ ਬਾਰ ਇਹ ਗੁਣਗੁਣਾਉਂਦੀ ਰਹਿੰਦੀ ਹਾਂ

“ ਪ੍ਰੀਤਮ ਕੈ ਦੇਸ ਕੈਸੇ ਬਾਤਨੁ ਕੇ ਜਾਈਐ
ਪੂਛਤ ਪਥਕਿ ਤਿਹ ਮਾਰਗ ਨ ਧਾਰੈ ਪਗਿ “

ਤੇਰੀ ਚਾਹਤ ਦੇ ਰੰਗ ਵਿੱਚ ਰੰਗੀ ਹੋਈ ਹਾਂ ਮੈਂ ਤਾਂ ,
ਹੁਣ ਦੂਸਰਾ ਰੰਗ ਕੋਈ ਚੜ੍ਹਦਾ ਨਹੀਂ ਇਸਤੇ ।
“ਲਾਲੁ ਰੰਗੁ ਤਿਸ ਕੋ ਲਗਾ ਜਿਸਕੇ ਵੱਡਭਾਗਾ “

ਤੇਰੀ ਚਾਹਤ ‘ਚ ਸਨਮ ਮਿਟ ਗਏ ਹਾਂ ,
ਫ਼ਨਾਹ ਹੋ ਗਏ ਹਾਂ ,
ਤੈਨੂੰ ਭੋਰਾ ਤਰਸ ਵੀ ਨੀ ਆਇਆ ।
“ ਜੇ ਤੂ ਮਿਤ੍ਰ ਅਸਾਡੜਾ , ਹਿਕ ਭੋਰੀ ਨਾ ਵੇਛੋੜਿ “

ਕਾਸ਼ ! ਇਕ ਵਾਰੀ ਫ਼ੇਰਾ ਪਾ ਵੇ ਸੱਜਣਾਂ
ਹਿੱਕ ਆਪਣੀ ਨਾਲ ਤੂੰ ਲਾ ਵੇ ਸੱਜਣਾਂ ।

ਤੇਰੀ ਚਾਹਤ ਦੇ ਝੱਲ ਨੇ ਕਮਲ਼ਿਆਂ ਕਰ ਦਿੱਤਾ ਹੈ ,
ਕਮਲ਼ਿਆਂ ਵਾਂਗ ਬਾਰ ਬਾਰ ਗੁਣਗੁਣਾਉਂਦੀ ਰਹਿੰਦੀ ਹੈ ।

“ਮੇਰੇ ਹਿਰਦੇ ਸੁੱਧ ਬੁੱਧ ਵਿਸਰ ਗਈ
ਮਨ ਆਸਾ ਚਿੰਤ ਵਿਸਾਰਿਆ ॥”

## ਲੋਕ ਨਿਰਮਾਣ ਮੰਤਰੀ ਪਟਿਆਲਾ ਦੇ ਧਾਰਮਿਕ ਅਸਥਾਨਾਂ ‘ਤੇ ਨਤਮਸਤਕ

### ਸਰਬੱਤ ਦੇ ਭਲੇ ਲਈ ਕੀਤੀ ਅਰਦਾਸ – ਲੋਕ ਨਿਰਮਾਣ ਮੰਤਰੀ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 5 ਅਪ੍ਰੈਲ:ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਇਤਿਹਾਸਕ ਸ਼ਹਿਰ ਪਟਿਆਲਾ ਦੀ ਪਵਿੱਤਰ ਧਰਤੀ ‘ਤੇ ਸਥਿਤ ਪ੍ਰਸਿੱਧ ਧਾਰਮਿਕ ਅਸਥਾਨਾਂ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਅਤੇ ਮੰਦਿਰ ਸ੍ਰੀ ਕਾਲੀ ਦੇਵੀ ਅਤੇ ਸ੍ਰੀ ਰਾਜ ਰਾਜੇਸ਼ਵਰ ਜੀ ਵਿਖੇ ਸ਼ਰਧਾ ਭਾਵਨਾ ਨਾਲ ਨਤਮਸਤਕ ਹੋ ਕੇ ਮੱਥਾ ਟੇਕਿਆ। ਇਸ ਦੌਰੇ ਦੌਰਾਨ ਉਨ੍ਹਾਂ ਨੇ ਧਾਰਮਿਕ ਰਸਮਾਂ ਅਨੁਸਾਰ ਅਰਦਾਸ ਕੀਤੀ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।



ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਇਨ੍ਹਾਂ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਕੇ ਮਨ ਨੂੰ ਅਥਾਹ ਸ਼ਾਂਤੀ, ਆਤਮਿਕ ਤ੍ਰਿਪਤੀ ਅਤੇ ਨਵੀਂ ਉਰਜਾ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਵਿੱਚ ਹਾਜ਼ਰੀ ਭਰਦਿਆਂ ਮਨੁੱਖ ਨੂੰ ਨਿਮਰਤਾ, ਸੇਵਾ ਅਤੇ ਭਾਈਚਾਰੇ ਦੀ ਸਿੱਖਿਆ ਮਿਲਦੀ ਹੈ, ਜੋ ਕਿ ਸਮਾਜ ਨੂੰ ਇਕਜੁੱਟ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਹਰਭਜਨ ਸਿੰਘ ਈਟੀਓ ਨੇ ਅੱਗੇ ਕਿਹਾ ਕਿ ਅੱਜ ਉਨ੍ਹਾਂ ਨੇ ਗੁਰੂ ਚਰਨਾਂ ਵਿੱਚ ਨਿਵੇਦਨ ਕਰਦਿਆਂ ਅਰਦਾਸ ਕੀਤੀ ਕਿ ਪਰਮਾਤਮਾ ਸਭਨਾਂ ਉੱਤੇ ਆਪਣੀ ਕਿਰਪਾ ਬਣਾਈ ਰੱਖਣ, ਲੋਕਾਂ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ, ਤਰੱਕੀ ਅਤੇ ਸੁਖ-ਸਮ੍ਰਿੱਧੀ ਵਧੇ ਅਤੇ ਪੰਜਾਬ ਸੂਬਾ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਇਹ ਵੀ ਅਰਦਾਸ ਕੀਤੀ ਕਿ ਸੂਬੇ ਦੇ ਨੌਜਵਾਨਾਂ ਨੂੰ ਸਹੀ ਦਿਸ਼ਾ ਅਤੇ ਉੱਚੇ ਮੌਕੇ ਪ੍ਰਾਪਤ ਹੋਣ, ਤਾਂ ਜੋ ਉਹ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ।

## ਕਵਿਤਾ ( ਓਹ ਬੜੇ )

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਮੇਰੇ ਨਾਲ ਭਾਵੇ ਦੋ ਖੜੇ ਨੇ ,
ਮੇਰੇ ਲਈ ਬਸ ਓਹ ਬੜੇ ਨੇ ।
ਮੈ ਕੀ ਲੈਣਾ ਚੁਸਤ ਚਲਾਕਾਂ ਤੋ ,
ਦੇਖ ਤਰੱਕੀ ਮੇਰੀ ਜੋ ਸੜੇ ਨੇ ।
ਜਨਾਨੀਆਂ ਵਾਗੂ ਮੂੰਹ ਜੋੜ ਗੱਲਾਂ ਕਰਦੇ ,
ਕੀ ਕਰਨਾ ਐਵੇ ਸਰੀਕਾਂ ਦੀ ਉਗਲ ਚੜੇ ਨੇ ।

ਮੂੰਹ ਤੇ ਮਿੱਠੇ ਮਤਲਬਖੋਰੇ ਨੇ ,
ਪਿਆਰ ‘ਚ ਇਹ ਜਮਾਂ ਹੀ ਨਾ ਰੜੇ ਨੇ ।
ਦਿਲ ਸਾੜਨ ਦੀ ਜੋ ਨਿੱਤ ਗੱਲ ਕਰਦੇ ,
ਓਹ ਸਭ ਬਸ ਬੰਜਰ ਘਰ ਦੇ ਥੜੇ ਨੇ ।
ਰਿਸ਼ਤੇ ਨਾਤਿਆਂ ਤੋ ਕੋਹਾਂ ਦੂਰ ਹੁੰਦੇ ,
ਵਹੁਟੀ ਵਾਲੇ ਵੀ ਕਈ ਅਕਲੋ ਛੜੇ ਨੇ।
ਤੋੜਨ ਪਿਆਰ ਮੁਹੱਬਤ ਦੀਆਂ ਵੰਗਾਂ ,
ਚੰਗੇ ਕਾਹਦੇ ਪਾਏ ਹੱਥੀ ‘ਦਰਦੀ’ ਕੜੇ ਨੇ ।